# ਪੰਜਾਬ ਸਕੂਲ ਸਿੱਖਿਆ ਬੋਰਡ

## (ਰਜਿਸਟ੍ਰੇਸ਼ਨ ਸ਼ਾਖਾ)

### ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਰਕਾਰੀ/ਏਡਿਡ/ਐਫ਼ੀਲੀਏਟਿਡ/ਐਸੋਸੀਏਟਿਡ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਨਾਲ ਸਬੰਧਤ ਅੱਠਵੀਂ, ਦਸਵੀ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਨ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਕਈ ਸਕੂਲਾਂ ਵੱਲੋਂ ਕਈ ਵਿਦਿਆਰਥੀਆਂ ਦੇ ਦਸਤਾਵੇਜ਼ ਜਮ੍ਹਾਂ ਨਹੀ ਕਰਵਾਏ ਗਏ ਜਾਂ ਅਧੂਰੇ ਹਨ, ਅਜਿਹੇ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਦੀ ਥਾਂ ਦਸਤਾਵੇਜ਼ ਨਾ ਹੋਣ ਕਾਰਨ error ਲਗਾਏ ਗਏ ਹਨ।

Errors ਸਬੰਧੀ ਆਪਣੇ ਸਕੂਲ login ID ਦੇ Registration Portal ਅਧੀਨ ਫਾਰਮਾਂ ਵਿੱਚ ਜਾ ਕੇ ਜਾਂ Other Board Registration No. ਲਿੰਕ ਅਧੀਨ ਚੈੱਕ ਕੀਤਾ ਜਾਵੇ । Error ਨੰਬਰ 34 ਸਬੰਧੀ ਦੱਸਿਆ ਜਾਂਦਾ ਹੈ ਕਿ ਇਹ Error ਵੈਰੀਫਿਕੇਸ਼ਨ ਫਾਰਮ , ਜੋ ਕਿ ਸੈਸ਼ਨ 2025-26 ਦੇ ਲਈ ਜਾਰੀ ਕੀਤੀਆਂ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀਆਂ ਹਦਾਇਤਾਂ ਵਿੱਚ ਸੰਗਲਿਤ ਹੈ (ਨਮੂਨਾ ਨੱਥੀ) , ਦੇ ਸਬੰਧੀ ਹੈ। ਸਕੂਲ ਮੁਖੀਆਂ ਵੱਲੋਂ ਇਹ ਫਾਰਮ ਆਪਣੇ ਸਬੰਧਤ ਸਕੂਲ ਦੇ ਲੈਟਰ ਹੈੱਡ 'ਤੇ ਪ੍ਰਿੰਟ ਕਰਨ ਉਪਰੰਤ ਅਤੇ ਵਿਦਿਆਰਥੀ ਦੇ ਦਸਤਾਵੇਜ਼ ਪਿਛਲੇ ਸਕੂਲ ਤੋਂ ਵੈਰੀਫਾਈ ਕਰਨ ਉਪਰੰਤ ਵਿਦਿਆਰਥੀਆਂ ਦੇ ਵੇਰਵੇ, ਹੇਠਲੀ ਸ਼੍ਰੇਣੀ ਪਾਸ ਸਕੂਲ ਦਾ ਨਾਂ, ਈ-ਮੇਲ ਆਈ.ਡੀ, ਸੰਪਰਕ ਨੰਬਰ ਦੇ ਨਾਲ-ਨਾਲ ਵੈਰੀਫਿਕੇਸ਼ਨ ਰਿਪੋਰਟ ਦਾ ਕਾਲਮ ਜਰੂਰ ਭਰ ਕੇ ਭੇਜਿਆ ਜਾਵੇ।

ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਦੀ ਥਾਂ ਲੱਗੇ errors ਨੂੰ ਦੂਰ ਕਰਨ ਲਈ ਸਬੰਧਤ ਦਸਤਾਵੇਜ਼ ਰਜਿਸਟ੍ਰੇਸ਼ਨ ਸ਼ਾਖਾ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵਿਖੇ ਮਿਤੀ 30 ਜਨਵਰੀ, 2026 ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਏ ਜਾਣ ਤਾਂ ਜੋ ਅਜਿਹੇ ਵਿਦਿਆਰਥੀਆਂ ਨੂੰ ਸਮੇਂ-ਸਿਰ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤੇ ਜਾ ਸਕਣ।

ਜੇਕਰ ਉਪਰੋਕਤ ਅਨੁਸਾਰ ਦਸਤਾਵੇਜ਼ ਰਜਿਸਟ੍ਰੇਸ਼ਨ ਸ਼ਾਖਾ ਦੇ ਪਾਸ ਸਮੇਂ-ਸਿਰ ਉਪਲੱਬਧ ਨਹੀ ਕਰਵਾਏ ਜਾਂਦੇ ਤਾਂ ਇਹਨਾਂ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰਬਰ ਜਾਰੀ ਨਹੀਂ ਕੀਤੇ ਜਾਣਗੇ ਅਤੇ ਅਜਿਹੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੇਣ ਲਈ ਰੋਲ ਨੰਬਰ ਵੀ ਜਾਰੀ ਨਹੀਂ ਕੀਤੇ ਜਾਣਗੇ। ਜੇਕਰ ਕੋਈ ਵਿਦਿਆਰਥੀ ਇਸ ਕਾਰਨ ਪ੍ਰੀਖਿਆ ਦੇਣ ਤੋਂ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਅਧਿਆਪਕਾਂ ਦੀ ਹੀ ਹੋਵੇਗੀ।

08/01/2026

ਸੁਪਰਡੰਟ

ਰਜਿਸਟ੍ਰੇਸ਼ਨ ਸ਼ਾਖਾ

## ਸਕੂਲ ਦੇ ਲੈਟਰ- ਹੈਡ ਤੇ
## ਵੈਰੀਫਿਕੇਸ਼ਨ-ਫਾਰਮ

1. ਕਿ ਮੈਂ (ਨਾਮ) ........................................ ਸਕੂਲ ਦਾ ਮੁੱਖੀ/ ਪ੍ਰਿੰਸੀਪਲ/ ਮੁੱਖ ਅਧਿਆਪਕ ਹਾਂ।
2. ਕਿ ਇਹ ਵਿਦਿਆਰਥੀ ਸੈਸ਼ਨ 2025-26 ਲਈ ਸਕੂਲ ਵਿੱਚ ਸਮੇਂ-ਸਿਰ ਦਾਖਲ ਕੀਤੇ ਗਏ ਹਨ।
3. ਕਿ ਇਹਨਾਂ ਵਿਦਿਆਰਥੀਆਂ ਦੇ ਹੇਠਲੀ ਸ਼੍ਰੇਣੀ ਪਾਸ/ਫੇਲ ਦੇ ਦਸਤਾਵੇਜ਼ ਪਿਛਲੇ ਸਕੂਲ ਤੋਂ ਸੰਪੂਰਨ ਤੌਰ ਤੇ ਵੈਰੀਫਾਈ ਕਰਨ ਉਪਰੰਤ ਰਜਿਸਟਰਡ ਕੀਤੇ ਗਏ ਹਨ ਅਤੇ ਇਹ ਦਸਤਾਵੇਜ਼ ਬਿਲਕੁੱਲ ਦਰੁੱਸਤ ਹਨ।
4. ਕਿ ਇਹਨਾਂ ਵਿਦਿਆਰਥੀਆਂ ਦੀ ਹੇਠਲੀ ਸ਼੍ਰੇਣੀ ਪਾਸ ਨਾਲ ਸਬੰਧਤ ਸਕੂਲ ਇਸ ਸਮੇਂ ਵੀ ਚੱਲ ਰਿਹਾ ਹੈ, ਇਹ ਸਕੂਲ ਅਤੇ ਉਹਨਾਂ ਵੱਲੋਂ ਜਾਰੀ ਦਸਤਾਵੇਜ਼ ਬਿਲਕੁੱਲ ਦਰੁੱਸਤ ਪਾਏ ਗਏ ਹਨ।
5. ਕਿ ਇਹਨਾਂ ਵਿਦਿਆਰਥੀਆਂ ਤੋਂ ਪ੍ਰਾਪਤ ਦਸਤਾਵੇਜ਼ਾਂ (ਨਤੀਜਾ ਕਾਰਡ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ) ਦੀ ਪੜਤਾਲ/ਵੈਰੀਫਿਕੇਸ਼ਨ ਕਰ ਲਈ ਗਈ ਹੈ। ਜੇਕਰ ਇਹਨਾਂ ਦਸਤਾਵੇਜ਼ਾਂ ਸਬੰਧੀ ਕੋਈ ਗਲਤੀ/ਤਰੁੱਟੀ ਹੋਵੇਗੀ ਤਾਂ ਉਸਦੀ ਜ਼ਿੰਮੇਵਾਰੀ ਮੇਰੀ ਖੁਦ ਦੀ ਹੋਵੇਗੀ ।
6. ਜੇਕਰ ਫਿਰ ਵੀ ਕਿਸੇ ਵਿਦਿਆਰਥੀ ਦੇ ਹੇਠਲੀ ਸ਼੍ਰੇਣੀ ਪਾਸ ਦੇ ਦਸਤਾਵੇਜ਼ ਸਹੀ ਨਹੀ ਪਾਏ ਜਾਂਦੇ ਜਾਂ ਬੋਰਡ ਵੱਲੋਂ ਆਪਣੇ ਪੱਧਰ ਤੇ ਕਰਵਾਈ ਗਈ ਵੈਰੀਫਿਕੇਸ਼ਨ ਫੇਲ ਹੋ ਜਾਂਦੀ ਹੈ ਤਾਂ ਉਸ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਬੋਰਡ ਵੱਲੋਂ ਰੱਦ ਕਰਨ ਤੇ ਮੈਨੂੰ ਕੋਈ ਇਤਰਾਜ਼ ਨਹੀ ਹੋਵੇਗਾ।
7. ਇਹਨਾਂ ਵਿਦਿਆਰਥੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸ਼੍ਰੇਣੀ | ਵਿਦਿਆਰਥੀ/ ਪਿਤਾ ਦਾ ਨਾਂ | ਹੇਠਲੀ ਸ਼੍ਰੇਣੀ ਪਾਸ/ ਫੇਲ ਸਕੂਲ ਦਾ ਨਾਂ, ਈ-ਮੇਲ ਆਈ.ਡੀ. ਅਤੇ ਸੰਪਰਕ ਨੰਬਰ | ਵੈਰੀਫਿਕੇਸ਼ਨ ਰਿਪੋਰਟ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |

ਸਕੂਲ-ਮੁਖੀ ਦਾ ਨਾਂ / ਹਸਤਾਖਰ
ਸਮੇਤ (ਮੋਹਰ)